# ਬੀ ਸੀ ਵਿਚ ਫੈਮਿਲੀ ਲਾਅ

## ਸੌਖੀ ਵਰਤੋਂ ਲਈ ਜਾਣਕਾਰੀ

**Family Law in BC Quick Reference Tool**




### ਫੈਮਿਲੀ ਲਾਅ ਕੀ ਹੈ?

What is family law?

ਜੇ ਤੁਸੀਂ ਸੰਬੰਧਾਂ ਨੂੰ ਛੱਡਿਆ ਹੈ ਜਾਂ ਆਪਣੇ ਬੱਚਿਆਂ ਦੇ ਦੂਜੇ ਮਾਪੇ ਤੋਂ ਅਲੱਗ ਰਹਿੰਦੇ ਹੋ ਤਾਂ ਕਾਨੂੰਨ ਅਧੀਨ ਤੁਹਾਡੇ ਖਾਸ ਹੱਕ ਅਤੇ ਜ਼ਿੰਮੇਵਾਰੀਆਂ ਹਨ। ਇਹ “ਫੈਮਿਲੀ ਲਾਅ” ਆਪਣੇ ਬੱਚਿਆਂ ਦੀ ਭਵਿੱਖ ਦੀ ਸੰਭਾਲ, ਸੁਪੋਰਟ ਪੇਮੈਂਟਾਂ ਅਤੇ ਜਾਇਦਾਦ ਜਾਂ ਕਰਜ਼ੇ ਵੰਡਣ ਲਈ ਪਲੈਨਾਂ ਬਣਾਉਣ ਵਿਚ ਤੁਹਾਡੀ ਮਦਦ ਕਰਨਗੇ। ਸੌਖੀ ਵਰਤੋਂ ਲਈ ਇਹ ਜਾਣਕਾਰੀ ਤੁਹਾਡੇ ਅੱਗੇ ਦੇ ਕਦਮਾਂ ਲਈ ਸ਼ੁਰੂਆਤੀ ਪੋਆਇੰਟ ਹੈ।


Legal Services Society
British Columbia
www.legalaid.bc.ca
March 2013
Punjabi

## ਕੀ ਮੈਨੂੰ ਅਦਾਲਤ ਜਾਣਾ ਪਵੇਗਾ?

Do I have to go to court?

ਇਸ ਗੱਲ ਦੀ ਸੰਭਾਵਨਾ ਹੈ ਕਿ ਤੁਹਾਨੂੰ ਅਤੇ ਤੁਹਾਡੇ ਪਾਰਟਨਰ ਨੂੰ ਕੁਝ ਮਹੱਤਵਪੂਰਨ ਮਾਮਲਿਆਂ ਬਾਰੇ ਫੈਸਲੇ ਕਰਨ ਦੀ ਲੋੜ ਪਵੇਗੀ। ਇਹ ਤੁਸੀਂ ਕਿਵੇਂ ਕਰਦੇ ਹੋ, ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਤੁਸੀਂ ਦੋਨੋਂ ਕਿੰਨੀ ਸੌਖ ਨਾਲ ਵੇਰਵਿਆਂ ’ਤੇ ਸਹਿਮਤ ਹੋ ਸਕਦੇ ਹੋ।

ਸੌਖੇ ਰੂਪ ਵਿਚ, ਤੁਸੀਂ ਅਜਿਹਾ **ਐਗਰੀਮੈਂਟ** ਲਿਖਣ ਲਈ ਰਲ ਕੇ ਕੰਮ ਕਰਨ ਦੇ ਯੋਗ ਹੋ ਸਕਦੇ ਹੋ ਜਿਸ ’ਤੇ ਤੁਸੀਂ ਦੋਨੋਂ ਦਸਖਤ ਕਰ ਸਕੋ। ਜੇ ਤੁਸੀਂ ਵਿਆਹੇ ਹੋਏ ਹੋ ਤਾਂ ਐਗਰੀਮੈਂਟ ਕਰਨ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਤਲਾਕ ਲੈਣ ਲਈ ਨਿੱਜੀ ਤੌਰ ’ਤੇ ਅਦਾਲਤ ਵਿਚ ਜਾਣ ਦੀ ਲੋੜ ਨਹੀਂ ਪਵੇਗੀ।

ਪਰ, ਜੇ ਤੁਸੀਂ ਸਹਿਮਤ ਨਾ ਹੋ ਸਕੋ ਤਾਂ ਤੁਹਾਨੂੰ ਵੇਰਵਿਆਂ ਬਾਰੇ ਜੱਜ ਤੋਂ ਫੈਸਲਾ ਕਰਵਾਉਣ ਲਈ ਅਤੇ ਇਹ ਵੇਰਵੇ ਆਪਣੇ ਲਈ ਇਕ ਜਾਂ ਜ਼ਿਆਦਾ **ਕੋਰਟ ਆਰਡਰਾਂ** ਵਿਚ ਦਰਜ ਕਰਵਾਉਣ ਲਈ ਅਦਾਲਤ ਜਾਣ ਦੀ ਲੋੜ ਹੋ ਸਕਦੀ ਹੈ। ਆਮ ਤੌਰ ’ਤੇ, ਇਸ ਵਿਚ ਮਦਦ ਲਈ ਤੁਸੀਂ ਕੋਈ ਵਕੀਲ ਕਰਨਾ ਚਾਹੋਗੇ। ਤਲਾਕ “ਕੋਰਟ ਆਰਡਰ” ਵੀ ਹੈ।



# ਅਗਾਂਹ ਕੀ ਕਦਮ ਹਨ?

What are the steps ahead?



## ਸ਼ੁਰੂ ਕਰਨ ਤੋਂ ਪਹਿਲਾਂ

ਮੇਰੇ 'ਤੇ ਕਿਹੜੇ ਕਾਨੂੰਨ ਲਾਗੂ ਹੁੰਦੇ ਹਨ?

ਕਾਰਡ 4

ਮੈਂ ਕਿਹੜੀ ਅਦਾਲਤ ਜਾਣਾ ਹੈ?

ਕਾਰਡ 5

ਕੀ ਮੈਂ ਸਪਾਉਸ ਹਾਂ?

ਕਾਰਡ 6

## ਵਿਚਾਰਨ ਵਾਲੇ ਮਾਮਲੇ

ਤੁਹਾਡੇ ਬੱਚੇ

ਕਾਰਡ 7, 8 ਅਤੇ 9

ਮਾਇਕ ਸਹਾਇਤਾ

ਕਾਰਡ 10

ਜਾਇਦਾਦ ਅਤੇ ਕਰਜ਼ੇ

ਕਾਰਡ 11

## ਐਗਰੀਮੈਂਟ

ਜੇ ਤੁਸੀਂ ਸਹਿਮਤ ਹੋ ਸਕਦੇ ਹੋਵੋ ਤਾਂ ਦੋਨਾਂ ਸਪਾਉਸਿਜ਼ ਵਲੋਂ ਕੀਤੇ ਜਾਂਦੇ ਹਨ

ਕਾਰਡ 2 ਅਤੇ 12

## ਕੋਰਟ ਆਰਡਰ

ਜੇ ਤੁਸੀਂ ਸਹਿਮਤ ਨਾ ਹੋ ਸਕਦੇ ਹੋਵੋ ਤਾਂ ਅਦਾਲਤ ਵਲੋਂ ਕੀਤੇ ਜਾਂਦੇ ਹਨ

ਕਾਰਡ 2 ਅਤੇ 12

# ਮੇਰੇ ’ਤੇ ਕਿਹੜੇ ਕਾਨੂੰਨ ਲਾਗੂ ਹੁੰਦੇ ਹਨ?

Which laws apply to me?

ਜਦੋਂ ਮਾਪੇ ਇਕੱਠੇ ਨਹੀਂ ਰਹਿੰਦੇ ਤਾਂ ਪਰਿਵਾਰ ਦੇ ਮਾਮਲਿਆਂ ਦਾ ਫੈਸਲਾ ਕਰਨ ਲਈ ਅਦਾਲਤਾਂ ਕਾਨੂੰਨਾਂ ਦੇ ਦੋ ਵੱਖਰੇ ਸੈੱਟ ਵਰਤਦੀਆਂ ਹਨ। ਇਕ ਸੂਬਾਈ (ਪ੍ਰੋਵਿੰਸ਼ੀਅਲ) ਫੈਮਿਲੀ ਲਾਅ ਐਕਟ ਹੈ ਅਤੇ ਦੂਜਾ ਫੈਡਰਲ ਡਾਇਵੋਰਸ ਐਕਟ ਹੈ। ਵੱਖਰੇ ਕਾਨੂੰਨ ਲਾਗੂ ਹੋ ਸਕਦੇ ਹਨ ਜੋ ਕਿ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਮਾਮਲਾ ਕੀ ਹੈ ਅਤੇ ਕੀ ਤੁਸੀਂ ਵਿਆਹੇ ਹੋਏ ਹੋ ਜਾਂ ਨਹੀਂ।

## ਫੈਮਿਲੀ ਲਾਅ ਐਕਟ

ਲਾਗੂ ਹੁੰਦਾ ਹੈ ਜੇ ਤੁਸੀਂ
**ਵਿਆਹੇ/ਅਣਵਿਆਹੇ ਹੋ**

## ਡਾਇਵੋਰਸ ਐਕਟ

ਲਾਗੂ ਹੁੰਦਾ ਹੈ ਜੇ ਤੁਸੀਂ
**ਵਿਆਹੇ ਹੋ**



# ਮੈਨੂੰ ਕਿਹੜੀ ਅਦਾਲਤ ਵਿਚ ਜਾਣ ਦੀ ਲੋੜ ਹੈ?

What court do I go to?

ਜਿਹੜੀ ਕੋਈ ਵੀ ਚੀਜ਼ ਤੁਸੀਂ ਸੂਬਾਈ ਕੋਰਟ ਵਿਚ ਕਰ ਸਕਦੇ ਹੋ, ਉਹ ਤੁਸੀਂ ਸੁਪਰੀਮ ਕੋਰਟ ਵਿਚ ਵੀ ਕਰ ਸਕਦੇ ਹੋ। ਪਰ, ਭਾਵੇਂ ਤੁਹਾਡਾ ਮਾਮਲਾ ਕਿਸੇ ਵੀ ਅਦਾਲਤ ਵਿਚ ਜਾ ਸਕਦਾ ਹੈ, ਤੁਸੀਂ ਸੂਬਾਈ ਕੋਰਟ ਵਿਚ ਰਹਿਣ ਨੂੰ ਤਰਜੀਹ ਦੇ ਸਕਦੇ ਹੋ ਕਿਉਂਕਿ ਇਹ ਘੱਟ ਗੁੰਝਲਦਾਰ ਹੈ। ਕੁਝ ਮਾਮਲੇ ਸੁਪਰੀਮ ਕੋਰਟ ਵਿਚ ਜਾਣੇ ਜ਼ਰੂਰੀ ਹਨ ਅਤੇ ਸਾਰੇ ਤਲਾਕ ਆਖਰ ਸੁਪਰੀਮ ਕੋਰਟ ਵਿਚ ਹੁੰਦੇ ਹਨ।



ਸੂਬਾਈ ਕੋਰਟ    ਸੁਪਰੀਮ ਕੋਰਟ



# ਕੀ ਮੈਂ "ਸਪਾਉਸ" ਹਾਂ?
Am I a "spouse"?

ਫੈਮਿਲੀ ਲਾਅ ਐਕਟ ਅਤੇ ਡਾਇਵੋਰਸ ਐਕਟ ਦੋਨੋਂ ਸ਼ਬਦ "ਸਪਾਉਸ" ਵਰਤਦੇ ਹਨ। ਜੇ ਤੁਸੀਂ ਸਪਾਉਸ ਹੋ ਤਾਂ ਇਨ੍ਹਾਂ ਕਾਨੂੰਨਾਂ ਅਧੀਨ ਤੁਹਾਡੇ ਖਾਸ ਹੱਕ ਅਤੇ ਜ਼ਿੰਮੇਵਾਰੀਆਂ ਹਨ। ਇਹ ਜਾਇਦਾਦ ਦੇ ਮਾਮਲਿਆਂ ਜਾਂ ਡਾਇਵੋਰਸ ਐਕਟ ਅਧੀਨ ਫੈਸਲੇ ਵਾਲੇ ਮਾਮਲਿਆਂ ਲਈ ਖਾਸ ਤੌਰ 'ਤੇ ਮਹੱਤਵਪੂਰਨ ਹੈ।





| ਵਿਆਹੇ | ਅਣਵਿਆਹੇ | |
|---|---|---|
| **ਜੇ ਤੁਸੀਂ ਆਪਣੇ ਸਾਬਕਾ ਪਾਰਟਨਰ ਨਾਲ ਕਾਨੂੰਨੀ ਤੌਰ 'ਤੇ ਵਿਆਹੇ ਹੋਏ ਸੀ ਤਾਂ ਤੁਸੀਂ "ਸਪਾਉਸ" ਹੋ।** | **ਜੇ ਤੁਸੀਂ ਆਪਣੇ ਪਾਰਟਨਰ ਨਾਲ ਦੋ ਜਾਂ ਜ਼ਿਆਦਾ ਸਾਲਾਂ ਲਈ ਵਿਆਹ ਵਰਗੇ ਸੰਬੰਧਾਂ ਵਿਚ ਇਕੱਠੇ ਰਹੇ ਹੋ ਤਾਂ ਤੁਸੀਂ "ਸਪਾਉਸ" ਹੋ।** | **ਸੁਪਾਉਜ਼ਲ ਸੁਪੋਰਟ ਲਈ**<br>**ਫੈਮਿਲੀ ਲਾਅ ਐਕਟ ਅਧੀਨ,** ਤੁਸੀਂ ਸੁਪਾਉਜ਼ਲ ਸੁਪੋਰਟ ਨਾਲ ਸੰਬੰਧਿਤ ਕਾਨੂੰਨਾਂ ਲਈ "ਸਪਾਉਸ" ਹੋ ਜੇ ਤੁਹਾਡੇ ਅਤੇ ਪਾਰਟਨਰ ਦੇ ਇਕੱਠਿਆਂ ਦੇ ਬੱਚੇ ਹਨ ਅਤੇ ਤੁਸੀਂ ਕਿਸੇ ਵੀ ਸਮੇਂ ਲਈ ਇਕੱਠੇ ਰਹੇ ਹੋ। |
| ਕਾਨੂੰਨੀ ਤੌਰ 'ਤੇ ਵਿਆਹੇ ਹੋਣ ਲਈ, ਤੁਹਾਡੇ ਵਿਆਹ ਦੀ ਕਾਨੂੰਨੀ ਰਸਮ ਹੋਈ ਹੋਣਾ ਜ਼ਰੂਰੀ ਹੈ (ਧਾਰਮਿਕ ਜਾਂ ਸਿਵਲ)। | ਬਹੁਤ ਸਾਰੇ ਲੋਕ ਇਸ ਨੂੰ "ਕੌਮਨ-ਲਾਅ ਰੀਲੇਸ਼ਨਸ਼ਿਪ" ਆਖਦੇ ਹਨ ਪਰ ਇਹ ਕੋਈ ਕਾਨੂੰਨੀ ਸ਼ਬਦ ਨਹੀਂ ਹੈ। | |

# ਮੈਂ ਇਕ ਮਾਪਾ ਹਾਂ। ਕਿਹੜੇ ਮਾਮਲੇ ਹਨ?

I am a parent. What are the issues?

ਜਦੋਂ ਮਾਪੇ ਅਲੱਗ ਰਹਿੰਦੇ ਹਨ ਤਾਂ ਮਹੱਤਵਪੂਰਨ ਮਾਮਲੇ ਹਨ ਜਿਨ੍ਹਾਂ ਦਾ ਹੱਲ ਕਰਨ ਦੀ ਲੋੜ ਹੁੰਦੀ ਹੈ। ਅੱਗੇ ਲਿਖੇ ਸ਼ਬਦ ਤੁਹਾਡੇ ਹੱਕਾਂ ਅਤੇ ਤੁਹਾਡੀਆਂ ਜ਼ਿੰਮੇਵਾਰੀਆਂ ਬਾਰੇ ਦੱਸਣ ਲਈ ਫੈਮਿਲੀ ਲਾਅ ਐਕਟ ਵਿਚ ਵਰਤੇ ਜਾਂਦੇ ਹਨ।



## ਗਾਰਡੀਅਨਸ਼ਿਪ

ਭਾਵੇਂ ਤੁਸੀਂ ਆਪਣੇ ਬੱਚੇ ਦੇ ਦੂਜੇ ਮਾਪੇ ਨਾਲ ਹੁਣ ਨਹੀਂ ਰਹਿੰਦੇ, ਤੁਸੀਂ ਦੋਨੋਂ ਗਾਰਡੀਅਨ ਹੋ (“ਗਾਰਡੀਅਨਸ਼ਿਪ” ਨਾਲ)।

ਜਿਹੜਾ ਮਾਪਾ ਕਦੇ ਵੀ ਬੱਚੇ ਨਾਲ ਨਹੀਂ ਰਿਹਾ, ਉਹ ਗਾਰਡੀਅਨ ਨਹੀਂ ਹੈ, ਜੇ ਉਸ ਨੇ ਬੱਚੇ ਦੀ ਨੇਮ ਨਾਲ ਸੰਭਾਲ ਨਹੀਂ ਕੀਤੀ ਹੈ ਜਾਂ ਅਦਾਲਤ ਨੇ ਉਸ ਨੂੰ ਗਾਰਡੀਅਨ ਨਹੀਂ ਬਣਾਇਆ ਹੈ।

## ਪਾਲਣ ਪੋਸਣ ਦੀਆਂ ਜ਼ਿੰਮੇਵਾਰੀਆਂ

ਇਹ ਉਹ ਜ਼ਿੰਮੇਵਾਰੀਆਂ ਹਨ ਜਿਹੜੀਆਂ ਬੱਚੇ ਦੀ ਜ਼ਿੰਦਗੀ ਬਾਰੇ ਰੋਜ਼ਮਰਾ ਦੇ ਅਤੇ ਵੱਡੇ ਫੈਸਲੇ ਕਰਨ ਲਈ ਹਰ ਗਾਰਡੀਅਨ ਦੇ ਹਨ। ਇਹ ਕਿਸੇ ਵੀ ਉਸ ਤਰੀਕੇ ਨਾਲ ਸਾਂਝੀਆਂ ਕੀਤੀਆਂ (ਜਾਂ ਵੰਡੀਆਂ) ਜਾ ਸਕਦੀਆਂ ਹਨ ਜਿਹੜੇ ਬੱਚੇ ਲਈ ਸਭ ਤੋਂ ਬਿਹਤਰ ਕੰਮ ਕਰਦਾ ਹੈ।

## ਪੇਰੈਂਟਿੰਗ ਟਾਈਮ

ਇਹ ਉਹ ਸਮਾਂ ਹੈ ਜਿਹੜਾ ਹਰ ਗਾਰਡੀਅਨ ਬੱਚੇ ਨਾਲ ਬਿਤਾਉਂਦਾ ਹੈ। ਪੇਰੈਂਟਿੰਗ ਟਾਈਮ ਦੌਰਾਨ, ਗਾਰਡੀਅਨ ਰੋਜ਼ਮਰਾ ਦੇ ਫੈਸਲੇ ਕਰਦਾ ਹੈ ਅਤੇ ਬੱਚੇ ਦੀ ਸੰਭਾਲ ਲਈ ਜ਼ਿੰਮੇਵਾਰ ਹੈ। ਤੁਸੀਂ ਇਸ ਸਮੇਂ ਦਾ ਪ੍ਰਬੰਧ ਕਿਸੇ ਵੀ ਉਸ ਤਰੀਕੇ ਨਾਲ ਕਰ ਸਕਦੇ ਹੋ ਜਿਹੜਾ ਬੱਚੇ ਲਈ ਸਭ ਤੋਂ ਬਿਹਤਰ ਕੰਮ ਕਰਦਾ ਹੈ।

## ਪਾਲਣ ਪੋਸਣ ਦੇ ਪ੍ਰਬੰਧ

ਇਹ ਉਹ ਪ੍ਰਬੰਧ ਹਨ ਜਿਹੜੇ ਤੁਸੀਂ ਪਾਲਣ ਪੋਸਣ ਦੀਆਂ ਜ਼ਿੰਮੇਵਾਰੀਆਂ ਅਤੇ ਪੇਰੈਂਟਿੰਗ ਟਾਈਮ ਸ਼ੇਅਰ ਕਰਨ (ਜਾਂ ਵੰਡਣ) ਲਈ ਐਗਰੀਮੈਂਟ ਵਿਚ ਜਾਂ ਕੋਰਟ ਆਰਡਰ ਵਿਚ ਕਰਦੇ ਹੋ।

## ਬੱਚੇ ਨਾਲ ਸੰਪਰਕ

ਉਹ ਸਮਾਂ ਜਿਹੜਾ ਕੋਈ ਉਹ ਵਿਅਕਤੀ ਬੱਚੇ ਨਾਲ ਬਿਤਾਉਂਦਾ ਹੈ ਜੋ ਗਾਰਡੀਅਨ ਨਹੀਂ ਹੈ। ਇਹ ਵਿਅਕਤੀ ਉਹ ਮਾਪਾ ਹੋ ਸਕਦਾ ਹੈ ਜਿਸ ਕੋਲ ਗਾਰਡੀਅਨਸ਼ਿਪ ਨਹੀਂ ਹੈ ਜਾਂ ਕੋਈ ਹੋਰ ਰਿਸ਼ਤੇਦਾਰ ਹੋ ਸਕਦਾ ਹੈ ਜਿਵੇਂ ਕਿ ਗਰੈਂਡਪੇਰੈਂਟ। ਸੰਪਰਕ ਪਾਲਣ ਪੋਸਣ ਦੇ ਪ੍ਰਬੰਧਾਂ ਦਾ ਹਿੱਸਾ ਨਹੀਂ ਹੈ।

# ਬੀ ਸੀ ਵਿਚ ਪਰਿਵਾਰ ਦੇ ਮਾਮਲਿਆਂ ਲਈ ਨਵੇਂ ਸ਼ਬਦ

New terms for family issues in BC

ਬੀ ਸੀ ਫੈਮਿਲੀ ਲਾਅ ਐਕਟ ਸੈਪਾਰੇਸ਼ਨ ਤੋਂ ਬਾਅਦ ਬੱਚਿਆਂ ਦੇ ਪਾਲਣ ਪੋਸਣ ਲਈ ਇਕ ਵੱਖਰੀ ਪਹੁੰਚ ਹੈ: ਇਨ੍ਹਾਂ ਨਵੇਂ ਕਾਨੂੰਨਾਂ ਵਿਚ ਕੇਂਦਰ ਆਪਣੇ ਬੱਚਿਆਂ ਲਈ ਮਾਪਿਆਂ ਦੇ ਹੱਕਾਂ ਤੋਂ ਬਦਲ ਕੇ ਮਾਪਿਆਂ ਦੀਆਂ ਜ਼ਿੰਮੇਵਾਰੀਆਂ ਬਣ ਗਿਆ ਹੈ।

| **ਪੁਰਾਣਾ**<br>ਫੈਮਿਲੀ ਰੀਲੇਸ਼ਨਜ਼ ਐਕਟ<br>**17 ਮਾਰਚ, 2013 ਨੂੰ ਖਤਮ ਹੋ ਗਿਆ ਹੈ** | **ਨਵਾਂ**<br>ਫੈਮਿਲੀ ਲਾਅ ਐਕਟ<br>**18 ਮਾਰਚ, 2013 ਤੋਂ** ਲਾਗੂ **ਹੈ** | ਡਾਇਵੋਰਸ ਐਕਟ<br>ਕੋਈ ਤਬਦੀਲੀ ਨਹੀਂ |
|---|---|---|
| **ਕਸਟੱਡੀ**<br>ਇਸ ਵਿਚ ਇਹ ਸ਼ਾਮਲ ਹੈ ਕਿ ਜਿੱਥੇ ਬੱਚਾ ਰਹਿੰਦਾ ਹੈ, ਅਤੇ ਜਿਸ ਕੋਲ ਬੱਚੇ ਬਾਰੇ ਫੈਸਲੇ ਕਰਨ ਅਤੇ ਉਸ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ ਹੈ।<br><br>**ਗਾਰਡੀਅਨਸ਼ਿਪ**<br>ਬੱਚੇ ਦੀ ਜ਼ਿੰਦਗੀ ਬਾਰੇ ਵੱਡੇ ਫੈਸਲੇ ਕਰਨ ਦੇ ਹੱਕ ਅਤੇ ਜ਼ਿੰਮੇਵਾਰੀ। | **ਗਾਰਡੀਅਨਸ਼ਿਪ**<br>ਆਮ ਤੌਰ ’ਤੇ, ਜੇ ਉਹ ਬੱਚੇ ਨਾਲ ਰਹੇ ਹਨ ਤਾ ਦੋਨੋਂ ਮਾਪੇ ਗਾਰਡੀਅਨ ਹਨ। ਗਾਰਡੀਅਨਸ਼ਿਪ ਵਿਚ ਪਾਲਣ ਪੋਸਣ ਦੀਆਂ ਜ਼ਿੰਮੇਵਾਰੀਆਂ ਅਤੇ ਪੇਰੈਂਟਿੰਗ ਟਾਈਮ ਸ਼ਾਮਲ ਹਨ। | **ਕਸਟੱਡੀ**<br>ਇਸ ਵਿਚ ਇਹ ਸ਼ਾਮਲ ਹੈ ਕਿ ਜਿੱਥੇ ਬੱਚਾ ਰਹਿੰਦਾ ਹੈ, ਅਤੇ ਜਿਸ ਕੋਲ ਬੱਚੇ ਬਾਰੇ ਫੈਸਲੇ ਕਰਨ ਅਤੇ ਉਸ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ ਹੈ। ਇਸ ਵਿਚ ਗਾਰਡੀਅਨਸ਼ਿਪ ਸ਼ਾਮਲ ਹੈ। |
| **ਓਚਏਸੇ**<br>ਉਹ ਸਮਾਂ ਜਿਹੜਾ ਬੱਚਾ ਉਸ ਮਾਪੇ ਨਾਲ ਬਿਤਾਉਂਦਾ ਹੈ ਜਿਸ ਨਾਲ ਉਹ ਆਮ ਤੌਰ ’ਤੇ ਨਹੀਂ ਰਹਿੰਦਾ। | **ਬੱਚੇ ਨਾਲ ਸੰਪਰਕ**<br>ਉਹ ਸਮਾਂ ਜਿਹੜਾ ਗੈਰ-ਗਾਰਡੀਅਨ ਬੱਚੇ ਨਾਲ ਬਿਤਾਉਂਦਾ ਹੈ। | **ਐਕਸੈੱਸ**<br>ਉਹ ਸਮਾਂ ਜਿਹੜਾ ਬੱਚਾ ਉਸ ਮਾਪੇ ਨਾਲ ਬਿਤਾਉਂਦਾ ਹੈ ਜਿਸ ਨਾਲ ਉਹ ਆਮ ਤੌਰ ’ਤੇ ਨਹੀਂ ਰਹਿੰਦਾ। |
| **ਕਸਟੱਡੀ** | **ਪਾਲਣ ਪੋਸਣ ਦੇ ਪ੍ਰਬੰਧ**<br>ਇਸ ਵਿਚ ਪਾਲਣ ਪੋਸਣ ਦੀਆਂ ਜ਼ਿੰਮੇਵਾਰੀਆਂ ਅਤੇ ਪੇਰੈਂਟਿੰਗ ਟਾਈਮ ਸ਼ਾਮਲ ਹਨ। | **ਕਸਟੱਡੀ** |
| **ਰਿਸਟਰੇਨਿੰਗ ਆਰਡਰ** | **ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ** | ਲਾਗੂ ਨਹੀਂ ਹੁੰਦਾ |

# ਜੇ ਮੇਰੇ ਕੋਲ ਬੱਚਿਆਂ ਬਾਰੇ ਆਰਡਰ/ਐਗਰੀਮੈਂਟ ਹੋਵੇ ਤਾਂ ਕੀ ਹੋਵੇਗਾ?

What if I have an order/agreement about children?

| **ਪੁਰਾਣਾ ਸ਼ਬਦ**<br>ਫੈਮਿਲੀ ਰੀਲੇਸ਼ਨਜ਼ ਐਕਟ | **ਨਵੇਂ ਅਰਥ**<br>ਫੈਮਿਲੀ ਲਾਅ ਐਕਟ |
|---|---|
| **ਕਸਟੱਡੀ** | ਹੁਣ ਤੁਹਾਡੇ ਕੋਲ ਗਾਰਡੀਅਨਸ਼ਿਪ ਹੈ (ਕਿਸੇ ਵੀ ਹੋਰ ਨਾਲ ਜਿਸ ਕੋਲ ਗਾਰਡੀਅਨਸ਼ਿਪ ਜਾਂ ਕਸਟੱਡੀ ਹੈ)। ਤੁਹਾਡੀਆਂ ਪਾਲਣ ਪੋਸਣ ਦੀਆਂ ਜ਼ਿੰਮੇਵਾਰੀਆਂ ਅਤੇ ਪੇਰੈਂਟਿੰਗ ਟਾਈਮ ਵੀ ਹਨ। |
| **ਗਾਰਡੀਅਨਸ਼ਿਪ** | ਹੁਣ ਤੁਹਾਡੇ ਕੋਲ ਗਾਰਡੀਅਨਸ਼ਿਪ ਹੈ (ਕਿਸੇ ਵੀ ਹੋਰ ਨਾਲ ਜਿਸ ਕੋਲ ਗਾਰਡੀਅਨਸ਼ਿਪ ਜਾਂ ਕਸਟੱਡੀ ਹੈ)। ਤੁਹਾਡੀਆਂ ਪਾਲਣ ਪੋਸਣ ਦੀਆਂ ਜ਼ਿੰਮੇਵਾਰੀਆਂ ਅਤੇ ਪੇਰੈਂਟਿੰਗ ਟਾਈਮ ਵੀ ਹਨ। |
| **ਸੋਲ ਕਸਟੱਡੀ** ਅਤੇ **ਸੋਲ ਗਾਰਡੀਅਨਸ਼ਿਪ** | ਤੁਸੀਂ ਅਜੇ ਵੀ ਇਕੱਲੇ ਗਾਰਡੀਅਨ ਹੋ। ਹੁਣ ਤੁਹਾਡੀਆਂ ਪਾਲਣ ਪੋਸਣ ਦੀਆਂ ਜ਼ਿੰਮੇਵਾਰੀਆਂ ਅਤੇ ਪੇਰੈਂਟਿੰਗ ਟਾਈਮ ਵੀ ਹਨ। ਜਿਹੜਾ ਸਮਾਂ ਦੂਜਾ ਮਾਪਾ ਬੱਚੇ ਨਾਲ ਬਿਤਾਉਂਦਾ ਹੈ ਉਸ ਨੂੰ ਕੌਨਟੈਕਟ ਵਿਦ ਏ ਚਾਇਲਡ (ਬੱਚੇ ਨਾਲ ਸੰਪਰਕ) ਆਖਿਆ ਜਾਂਦਾ ਹੈ। |
| **ਸੋਲ ਗਾਰਡੀਅਨਸ਼ਿਪ** ਅਤੇ **ਜੋਆਇੰਟ ਕਸਟੱਡੀ**<br>ਜਾਂ ਉਲਟ | ਤੁਹਾਡੇ ਅਤੇ ਦੂਜੇ ਮਾਪੇ ਦੋਨਾਂ ਕੋਲ ਗਾਰਡੀਅਨਸ਼ਿਪ ਹੈ। ਹਰ ਮਾਪੇ ਕੋਲ ਅਜੇ ਓਹੀ ਪੇਰੈਂਟਿੰਗ ਟਾਈਮ ਅਤੇ ਪਾਲਣ ਪੋਸਣ ਦੀਆਂ ਜ਼ਿੰਮੇਵਾਰੀਆਂ (ਜਾਂ ਬੰਦਸ਼ਾਂ) ਹਨ ਜਿਵੇਂ ਮੁਢਲੇ ਐਗਰੀਮੈਂਟ ਜਾਂ ਆਰਡਰ ਵਿਚ ਦਰਜ ਹੈ। |
| **ਐਕਸੈੱਸ**<br>ਪਰ ਕਸਟੱਡੀ ਜਾਂ ਗਾਰਡੀਅਨਸ਼ਿਪ ਨਹੀਂ | ਤੁਹਾਡਾ ਹੁਣ ਬੱਚੇ ਨਾਲ ਸੰਪਰਕ ਹੈ। |

# ਮਾਇਕ ਮਦਦ ਬਾਰੇ ਕੀ ਕਹਿਣਾ ਹੈ?

What about financial support?

ਕਾਨੂੰਨ ਅਧੀਨ, ਦੋਨਾਂ ਮਾਪਿਆਂ ਲਈ ਆਪਣੇ ਬੱਚਿਆਂ ਦੀ ਮਦਦ ਕਰਨਾ ਜ਼ਰੂਰੀ ਹੈ — ਇਹ ਹਰ ਬੱਚੇ ਦਾ ਹੱਕ ਹੈ। ਜਦੋਂ ਤੁਹਾਡਾ ਰਿਸ਼ਤਾ ਖਤਮ ਹੋ ਜਾਂਦਾ ਹੈ, ਅਤੇ ਜੇ ਤੁਹਾਡੇ ਬੱਚੇ ਹਨ ਜਿਹੜੇ ਤੁਹਾਡੇ ਨਾਲ ਰਹਿੰਦੇ ਹਨ ਤਾਂ ਤੁਹਾਨੂੰ ਆਪਣੇ ਸਪਾਉਸ ਤੋਂ ਚਾਇਲਡ ਸੁਪੋਰਟ (ਬੱਚੇ ਦੀ ਮਾਇਕ ਮਦਦ) ਦੀ ਲੋੜ ਪਵੇਗੀ। ਚਾਇਲਡ ਸੁਪੋਰਟ ਆਮ ਤੌਰ 'ਤੇ ਬੱਚੇ ਦੇ 19 ਸਾਲ ਦਾ ਹੋ ਜਾਣ ਤੱਕ ਰਹਿੰਦੀ ਹੈ, ਪਰ ਇਸ ਦੇ ਅਗਾਂਹ ਜਾਰੀ ਰਹਿਣ ਦੇ ਕਾਰਨ ਹੋ ਸਕਦੇ ਹਨ।

ਤੁਹਾਨੂੰ ਆਪਣੇ ਲਈ ਸੁਪਾਉਜ਼ਲ ਸੁਪੋਰਟ ਦੀ ਵੀ ਲੋੜ ਹੋ ਸਕਦੀ ਹੈ। ਫੈਮਿਲੀ ਲਾਅ ਐਕਟ ਅਧੀਨ, ਇਹ ਸਾਰੇ ਸਪਾਉਸਿਜ਼ ਲਈ ਉਪਲਬਧ ਹੈ, ਸਮੇਤ ਇਸ ਦੇ ਜੇ ਤੁਸੀਂ ਦੋ ਸਾਲ ਤੋਂ ਘੱਟ ਸਮੇਂ ਲਈ ਵਿਆਹ ਵਰਗੇ ਸੰਬੰਧਾਂ ਵਿਚ ਰਹੇ ਹੋ ਪਰ ਅਜਿਹੇ ਵਿਅਕਤੀ ਨਾਲ ਜੋ ਤੁਹਾਡੇ ਬੱਚੇ ਦਾ ਦੂਜਾ ਮਾਪਾ ਹੈ। ਸੁਪਾਉਜ਼ਲ ਸੁਪੋਰਟ ਖਾਸ ਸਮੇਂ ਤੱਕ ਰਹਿ ਸਕਦੀ ਹੈ ਜਾਂ ਅਣਮਿੱਥੇ ਸਮੇਂ ਲਈ ਹੋ ਸਕਦੀ ਹੈ।



## ਚਾਇਲਡ ਸੁਪੋਰਟ

ਇਹ ਇਕ ਵਿਅਕਤੀ ਵਲੋਂ ਦੂਜੇ ਵਿਅਕਤੀ ਨੂੰ ਬੱਚਿਆਂ ਦੀ ਮਾਇਕ ਮਦਦ ਵਜੋਂ ਦਿੱਤੇ ਜਾਣ ਵਾਲੇ ਪੈਸੇ ਹਨ। ਰਕਮਾਂ ਫੈਡਰਲ ਸੁਪੋਰਟ ਗਾਈਡਲਾਈਨਾਂ ਵਲੋਂ ਤਹਿ ਕੀਤੀਆਂ ਜਾਂਦੀਆਂ ਹਨ।

## ਸੁਪਾਉਜ਼ਲ ਸੁਪੋਰਟ

ਇਹ ਇਕ ਸਪਾਉਸ ਵਲੋਂ ਦੂਜੇ ਸਪਾਉਸ ਨੂੰ ਮਾਇਕ ਮਦਦ ਵਜੋਂ ਦਿੱਤੇ ਜਾਣ ਵਾਲੇ ਪੈਸੇ ਹਨ। ਸੁਪਾਉਜ਼ਲ ਸੁਪੋਰਟ ਦਾ ਹਿਸਾਬ ਲਾਉਣ ਲਈ ਤੁਸੀਂ ਸੁਪਾਉਜ਼ਲ ਸੁਪੋਰਟ ਅਡਵਾਈਜ਼ਰੀ ਗਾਈਡਲਾਈਨਾਂ ਦੀ ਵਰਤੋਂ ਕਰ ਸਕਦੇ ਹੋ ਪਰ ਅਸਲੀ ਰਕਮ ਦਾ ਹਿਸਾਬ ਲਾਉਣ ਲਈ ਤੁਹਾਨੂੰ ਮਦਦ ਦੀ ਲੋੜ ਪਵੇਗੀ ਕਿਉਂਕਿ ਇਹ ਗੁੰਝਲਦਾਰ ਹੈ।

# ਜਾਇਦਾਦ ਬਾਰੇ ਕੀ ਕਹਿਣਾ ਹੈ?

What about property?

ਕੋਈ ਰਿਸ਼ਤਾ ਖਤਮ ਹੋਣ 'ਤੇ, ਜਾਇਦਾਦ (ਪ੍ਰਾਪਰਟੀ) ਵੰਡਣ ਅਤੇ ਕਰਜ਼ੇ ਵੰਡਣ ਲਈ ਨਿਯਮ ਹਨ। ਫੈਮਿਲੀ ਲਾਅ ਐਕਟ ਅਧੀਨ, ਇਹ ਨਿਯਮ ਹੁਣ ਵਿਆਹੇ ਅਤੇ ਅਣਵਿਆਹੇ ਸਪਾਉਸਿਜ਼ ਲਈ ਇੱਕੋ ਜਿਹੇ ਹਨ। ਪਰ, ਜੇ ਨਿਯਮਾਂ ਦੀ ਪਾਲਣਾ ਕਰਨਾ "ਬਹੁਤ ਜ਼ਿਆਦਾ ਨਾਵਾਜਬ ਹੋਵੇ" ਤਾਂ ਜੱਜ ਕੋਈ ਹੋਰ ਫੈਸਲਾ ਕਰ ਸਕਦਾ ਹੈ।

18 ਮਾਰਚ, 2013 ਤੋਂ ਪਹਿਲਾਂ (ਫੈਮਿਲੀ ਰੀਲੇਸ਼ਨਜ਼ ਐਕਟ ਅਧੀਨ) ਕਾਨੂੰਨ ਸਿਰਫ ਵਿਆਹੇ ਸਪਾਉਸਿਜ਼ 'ਤੇ ਹੀ ਲਾਗੂ ਹੁੰਦੇ ਸਨ ਅਤੇ ਉਨ੍ਹਾਂ ਦੀ ਮਾਲਕੀ ਵਾਲੀ ਤਕਰੀਬਨ ਸਾਰੀ ਜਾਇਦਾਦ ਵੰਡੀ ਜਾ ਸਕਦੀ ਸੀ। ਹੁਣ ਇਸ ਚੀਜ਼ ਵਿਚ ਛੋਟਾਂ ਹਨ ਕਿ ਕਿਹੜੀ ਚੀਜ਼ ਵੰਡੀ ਜਾ ਸਕਦੀ ਹੈ।



## ਪਰਿਵਾਰ ਦੀ ਜਾਇਦਾਦ

ਇਹ ਉਹ ਜਾਇਦਾਦ ਹੈ ਜਿਹੜੀ ਕਿਸੇ ਵੀ ਸਪਾਉਸ ਨੇ ਰਿਸ਼ਤੇ ਦੌਰਾਨ ਪ੍ਰਾਪਤ ਕੀਤੀ ਹੈ। ਪਰਿਵਾਰ ਦੀ ਜਾਇਦਾਦ ਸਪਾਉਸਿਜ਼ ਵਿਚਕਾਰ ਬਰਾਬਰ ਵਿਚ ਵੰਡੀ ਜਾਣੀ ਜ਼ਰੂਰੀ ਹੈ।

ਪਰਿਵਾਰ ਦੀ ਪ੍ਰਾਪਰਟੀ ਵਿਚ "ਛੋਟ ਵਾਲੀ ਜਾਇਦਾਦ" ਦੀ ਕੀਮਤ ਵਿਚ ਹੋਇਆ ਕੋਈ ਵਾਧਾ ਵੀ ਸ਼ਾਮਲ ਹੈ, ਜਿਹੜਾ ਸੰਬੰਧਾਂ ਦੌਰਾਨ ਹੋਇਆ ਸੀ।

## ਛੋਟ ਵਾਲੀ ਜਾਇਦਾਦ

ਛੋਟ ਵਾਲੀ ਜਾਇਦਾਦ (ਐਕਸਕਲੂਡਿਡ ਪ੍ਰਾਪਰਟੀ) ਵੰਡੀ ਨਹੀਂ ਜਾਂਦੀ। ਇਹ ਕੋਈ ਵੀ ਉਹ ਪ੍ਰਾਪਰਟੀ ਹੈ ਜਿਹੜੀ ਪਰਿਵਾਰ ਦੀ ਜਾਇਦਾਦ ਨਹੀਂ ਹੈ:

- ਉਹ ਜਾਇਦਾਦ ਜਿਹੜੀ ਹਰ ਸਪਾਉਸ ਕੋਲ ਸੰਬੰਧ ਸ਼ੁਰੂ ਹੋਣ ਤੋਂ ਪਹਿਲਾਂ ਸੀ, ਅਤੇ
- ਉਹ ਤੋਹਫੇ, ਵਿਰਾਸਤ, ਅਤੇ ਕੋਰਟ ਅਵਾਰਡਾਂ ਅਤੇ ਇਨਸ਼ੋਰੈਂਸ ਪੇਮੈਂਟਾਂ ਦੀਆਂ ਕੁਝ ਕਿਸਮਾਂ ਜਿਹੜੀਆਂ ਸੰਬੰਧਾਂ ਦੌਰਾਨ ਸਿਰਫ ਇਕ ਸਪਾਉਸ ਨੂੰ ਮਿਲੀਆਂ ਸਨ।

## ਪਰਿਵਾਰ ਦੇ ਕਰਜ਼ੇ

ਇਹ ਉਹ ਕਰਜ਼ੇ ਹਨ ਜਿਹੜੇ ਕਿਸੇ ਵੀ ਸਪਾਉਸ ਨੇ ਸੰਬੰਧਾਂ ਦੌਰਾਨ ਲਏ ਸਨ ਅਤੇ ਜਿਹੜੇ ਉਨ੍ਹਾਂ ਦੇ ਅਲੱਗ ਹੋਣ ਵੇਲੇ ਅਜੇ ਵੀ ਰਹਿੰਦੇ ਸਨ, ਜਾਂ ਜਿਹੜੇ ਸੈਪਾਰੇਸ਼ਨ ਤੋਂ ਬਾਅਦ ਪਰਿਵਾਰ ਦੀ ਜਾਇਦਾਦ ਦੀ ਸੰਭਾਲ ਲਈ ਲਏ ਗਏ ਸਨ। ਆਮ ਤੌਰ 'ਤੇ, ਇਹ ਕਰਜ਼ੇ ਬਰਾਬਰ ਵਿਚ ਵੰਡੇ ਜਾਣੇ ਜ਼ਰੂਰੀ ਹਨ ਪਰ ਇਹ ਬਦਲ ਸਕਦਾ ਹੈ।

# ਮਦਦ ਕੌਣ ਕਰ ਸਕਦਾ ਹੈ?

Who can help?

ਬਹੁਤ ਸਾਰੇ ਪੇਸ਼ਾਵਰ ਲੋਕ ਹਨ ਜੋ ਕਿ ਪਰਿਵਾਰ ਦੇ ਮਾਮਲਿਆਂ ਵਿਚ ਤੁਹਾਡੀ ਮਦਦ ਕਰ ਸਕਦੇ ਹਨ, ਭਾਵੇਂ ਤੁਸੀਂ ਅਦਾਲਤ ਜਾਂਦੇ ਹੋ ਜਾਂ ਨਹੀਂ। ਜੇ ਤੁਹਾਡੀ ਆਮਦਨ ਘੱਟ ਹੋਵੇ ਤਾਂ ਕੁਝ ਸੇਵਾਵਾਂ ਮੁਫਤ ਹਨ।



# ਜ਼ਿਆਦਾ ਜਾਣਕਾਰੀ ਲਈ
For more information

## ਲੀਗਲ ਸਰਵਿਸਿਜ਼ ਸੁਸਾਇਟੀ ਤੋਂ

*ਇਕੱਠੇ ਰਹਿਣਾ ਜਾਂ ਅਲੱਗ ਰਹਿਣਾ*
*Living Together or Living Apart*

*ਬੀ ਸੀ ਦੇ ਨਵੇਂ ਫੈਮਿਲੀ ਲਾਅ ਐਕਟ ਬਾਰੇ ਗਾਈਡ*
*Guide to the New BC Family Law Act*

**ਇਹ ਅਤੇ ਐੱਲ ਐੱਸ ਐੱਸ ਦੀਆਂ ਹੋਰ fIKqF ਪੜ੍ਹੋ**
www.legalaid.bc.ca/publications

## ਔਨਲਾਈਨ

**ਫੈਮਿਲੀ ਲਾਅ ਇਨ ਬੀ ਸੀ**
www.familylaw.lss.bc.ca

**ਕਲਿੱਕਲਾਅ**
www.clicklaw.bc.ca

@ **legalaidbc**

**Legal Services Society**

British Columbia
www.legalaid.bc.ca